# ਬੀ. ਸੀ. ਦੇ ਹਾਈਵੇ 16 ਉਪਰ, ਹੈਵੀ ਹਾਲਰਸ ਵਾਸਤੇ ਪੁਲਿੰਗ

ਨਵੰਬਰ 23, 2011

ਬਹੁਤ ਵਡੇ ਅਤੇ ਬਹੁਤ ਭਾਰੇ ਲੋਡਸ ਨੂੰ ਸੰਭਾਲਣਾ ਹੁਣ ਬੀ. ਸੀ. ਦੇ ਹਾਈਵੇ 16 ਉਤੇ ਟਰੱਕਾ ਵਾਸਤੇ ਹੋਰ ਵੀ ਸੌਖਾ ਹੋ ਗੇਆ ਹੈ। ਹੁਣ ਟਰੱਕਰਸ ਇਕ ਨੱਵੇ ਅਤੇ ਖੁਲੇ ਪੁਲਆਉਟ(ਸੜੱਕ ਦੇ ਪਾਸੇ ਰੁੱਕਨ ਲਈ ਥਾਂ) ਤੇ ਰੁਕ ਸਕਦੇ ਨੇ।



## ਰੁਕੋ ਅਤੇ ਆਰਾਮ ਕਰੋ

ਐਲਬਰਟਾ ਬੋਰਡਰ ਤੋਂ 500 ਮੀਟਰ ਦੀ ਦੂਰੀ ਤੇ ਪੂਰਬ ਵੱਲ, ਮਿਨਿਸਟਰੀ ਨੇ ਏਹ ਪੁਲਆਉਟ ਤਿਆਰ ਕੀਤਾ ਤਾਂਕੇ ਡਰਾਈਵਰਾਂ ਨੂੰ
ਓਵਰਸਾਇਜ਼ ਤੇ ਓਵਰ ਵੇਟ ਲੋਡਸ ਵਾਸਤੇ ਜਾਦੇ ਜੱਗਾ ਮਿਲ ਸਕੇ। ਇਸ ਜਗਾ ਵਿਚ ਤੁਸੀਂ ਪਾਈਲਟ ਕਾਰਾਂ ਨੂੰ ਮਿਲ ਸਕਦੇ ਹੌ, ਆਪਣੇ ਲੋਡ ਨੂੰ ਠੀਕ ਤਰਾਂ ਚੈਕ ਅਤੇ ਬੱਨ ਸਕਦੇ ਹੌਂ, ਬੁਰੇ ਮਉਸਮ ਵਿਚ ਰੁਕ ਸਕਦੇ ਹੋ। ਕਿੰਉਕੇ ਪੁਲਆਉਟ ਐਲਬਰਟਾ ਬਾਰਡਰ ਦੇ ਇਨੇ ਨਸਦੀਕ ਹੈ, ਤੁਸੀਂ ਰੁਕ ਕੇ ਪਰਮਿਟ ਨੂੰ ਬਦਲ ਸਕਦੇ ਹੌ (ਅਲੱਗ ਅਲੱਗ ਪਰਾਵਿੰਸਾਂ ਵਿਚ ਕਾਇਦੇ ਕਾਨੂਨ ਵਖਰੇ ਵਖਰੇ ਹਨ)। ਇਸ ਜਗਾ ਉਤੇ ਤੁਸੀਂ ਆਪਣੇ ਸਮਾਣ ਨੂੰ ਐਲਬਰਟਾ ਟਰੱਕ ਤੋਂ ਬੀ.ਸੀ. ਦੇ ਟਰੱਕ (ਜਾਂ ਦੁਜੀ ਤਰਾਂ) ਨੂੰ ਬਦਲ ਸਕਦੇ ਹਾਂ।
ਇਹ ਪੁਲਆਉਟ ਬੜੇ ਮਹਿਤਵਪੂਰਨ ਜਗਾ ਉਤੇ ਹੈ ਕਿੰਉਕ ਹਾਈਵੇ 16 ਲੰਬੇ ਤੇ ਚੌੜੇ ਟਰੱਕ ਲੋਡਸ ਵਾਸਤੇ ਮੰਨਿਆ ਹੋਇਆ ਰਸਤਾ ਹੈ।

ਇਹ ਨਵਾਂ ਪੁਲਆਉਟ ਬਹੁਤ ਹੀ ਵਡਾ ਹੈ। ਇਹਦੀ ਲੰਬਾਈ 200 ਮੀ. ਅਤੇ ਚੌੜਾਈ 10 ਮੀ ਹੈ।

ਜੋ ਇਸ ਜਗਾ ਨੂੰ ਵਰਤਦੇ ਹਨ, ਉਹਨਾ ਦੀ ਸਹੂਲੱਤ ਵਾਸਤੇ ਵਾਸ਼ਰੂਮ ਤੇ ਗਾਰਬਿਜ ਕੈਨ ਵੀ ਰਖੀ ਹੋਈ ਹੈ।ਹੈਵੀ ਹਾਲਰਸ, ਜੋਕੇ ਸਿਰਫ ਰਾਤ ਦੇ 12 ਵਜੇ ਤੋਂ ਬਾਅਦ ਹੀ ਟਰੱਕ ਚਲਾ ਸਕਦੇ ਹੈ, ਇਕ ਪੂਰੇ ਦਿਨ ਤੋਂ ਵੀ ਵੱਧ ਸਮਾਂ ਬਿਤਾ ਸਕਦੇ ਹਨ। ਇਸ ਪੁਲਆਉਟ ਦੇ ਬਿਲਕੁਲ ਸਾਮਣੇ, ਸੱੜਕ ਦੇ ਦੂਜੇ ਪਾਸੇ ਇਕ ਛੋਟਾ ਪੁਲਆਉਟ ਬਣਾਇਆ ਗਿਆ ਹੈ ਜਿਥੇ ਨਵਾਂ ਵਾਸ਼ਰੂਮ ਬਣਿਆ ਤੇ ਨਵੀਂ ਗਾਰਬਿਜ ਕੈਨ ਰਖੀ ਗਈ ਹੈ।

ਪੁਲਆਉਟ ਸੁਵੀਧਾਂ ਓਪਲਬੱਧ ਕਰਾਕੇ ਮਨਿਸਟਰੀ ਨੇ ਇਕ ਵਾਰ ਫੀਰ ਟਰੱਕ ਡਰਾਈਵਰਾਂ ਅਤੇ ਭਾਰੇ ਸਮਾਨ ਨੂੰ ਸੁਰਕਸ਼ਿਤ ਪਹੁਚਾਉਣ ਵਿੱਚ ਸਮਰਥਨ ਦਿੰਦੇ ਹੋਏ ਆਰਥਿਕਤਾ ਤੇ ਵਯਾਪਾਰ ਵਿੱਚ ਵਿਕਾਸ ਦਾ ਸਮਰਥੱਨ ਜ਼ਾਰੀ ਰਖਿਆ ਹੈ।